# TREASURE-TROVE OF MEMORIES: OUR MOST PRECIOUS HISTORIC LETTER

In the following letter from Osaka, Japan, our esteemed correspondent Sardar Gurseva Singh Dhillon recounts the last moments of Giani Bhagwan Singh, the Poet Laureate of the Hindustan Gadar Party, whose patriotic hymns still resound from the hills of Hongkong to the farms of the Punjab and California. In subsequent issues, we shall be sharing with our readers more material from the pen of Sardar Gurseva Singh whose literary effort is highly appreciated by the Hindustan Gadar Party Memorial Committee.

ਸਰਦਾਰ ਕੇਸਰਸਿੰਘ ਢਿੱਲੋਂ

ਪ੍ਰਧਾਨ ਹਿੰਦੁਸਤਾਨ ਗਦਰ ਪਾਰਟੀ ਮੈਮੋਰਿਅਲ ਕਮੇਟੀ
ਓਕਲੈਂਡ

ਸਰਦਾਰ ਢਿੱਲੋਂ ਸਾਹਿਬ :

ਅੱਜ ਜਨਵਰੀ ਦਾ "The Call of the Martyrs" ਅੰਕ ਪੜ੍ਹਕੇ ਮੰਨ ਨੂੰ ਇਉਂ ਆਗਿਆ ਕਿ ਵਿਛੜੀਆਂ ਗਦਰ ਬਾਬਿਆਂ ਦੀਆਂ ਰੂਹਾਂ ਕਿਹ ਰਹਿਆਂ ਹੈਨਗੀਆਂ ਕਿ ਇਕ ਵੇਰ ਫਿਰ ਹਿੰਦੁਸਤਾਨ ਜਨਮ ਲੈਕੇ ਉਲਝੀ ਤਾਣੀ ਸੁਲਝਾਉਣੀ ਪਵੇਗੀ । ਅਜ਼ਾਦੀ ਤੋਂ ਅਠਾਰਾਂ ਸਾਲਾਂ ਪਿੱਛੋਂ ਭੀ ਜੰਗੇ ਅਜ਼ਾਦੇ ਦੇ ਪਰਵਾਨਿਆਂ ਦੀ ਯਾਦਗਾਰ ਅਧੂਰੀ ਪਈ ਹੈ । ਪੰਜਾਬੀ ਕਵੀ ਕੁੰਦਨ ਕਹਿੰਦਾ ਹੈ :

ਮੇਰੇ ਪਰਵਰਤਨ ਦੇ ਅੱਜੇ ਉਹ ਦਸਤੂਰ ਨਹੀਂ ਬਦਲੇ
ਇਹਦੀਆਂ ਸੂਲੀਆਂ ਓਹੀ ਮਨਸੂਰ ਨਹੀਂ ਬਦਲੇ ।

ਅਜ ਤੋਂ ਤਿੰਨ ਸਾਲ ਪੁਰਾਣੀ ਗਲ ਹੈ । ਇਹ ਗਲ ਮੇਰੀ ਜ਼ਿੰਦਗੀ ਦੀ ਸਭ ਤੋਂ ਵਡੀ ਯਾਦ ਹੈ । ਕਾਲਕਾ ਤੋਂ ਪਹਾੜੀ ਦੀ ਉਚਾਈ ਤੇ ਕੋਈ ਤੀਹ ਮੀਲ ਦੂਰ ਇਕ ਛੋਟੀ ਜਿਹੀ ਰਮਣੀਕ ਥਾਂ ਸਪਰੂਨ ਹੈ ਜੋਕੇ ਸੋਲਨ ਤੋਂ ਇਕ ਮੀਲ ਵਿਥ ਤੇ ਹੈ ਇਸ ਥਾਂ ਤੇ ਇਕ ਸਵੇਰ ਦੀ ਗਲ ਹੈ ਕਿ ਕਿਸੇ ਮੈਨੂੰ ਕਿਹਾ ਤੁਹਾਡੇ ਘਰ ਤੋਂ ਸੌ ਗਜ਼ ਦੀ ਵਿਥ ਤੇ ਇਕ ਦੇਸ਼ਭਗਤ ਅਪਣੇ ਅਖੀਰੀ ਸਾਹ ਤੇ ਹੈ । ਮੈਂ ਇਨਾਂ ਦਿਨ ਵਿਚ ਹਿੰਦੁਸਤਾਨ ਦੀ ਸੈਰ ਲਈ ਗਿਆ ਹੋਇਆ ਸੀ ,ਤੇ ਸਪੂਰਨ ਮਾਡੀ ਗਰਮੀਆਂ ਕਟਨ ਲਈ ਇਕ ਛੋਟੀ ਜਿਹੀ ਥਾਂ ਬਨਾਈ ਹੋਈ ਹੈ ।ਦੇਸ਼ ਭਗਤ ਦੀ ਗਲ ਸੁਣੀ ਤੇ ਮੇਰੇ ਅੰਗ ਅੰਗ ਨੇ ਉਸ ਰਾਹ ਵਲੀ ਮੂੰਹ ਕਰ ਲਿਆ ਤੇ ਇਕ ਛੋਟੀ ਜਿਹੀ ਥਾਂ ਜੋ ਫੁਲ ਦੀਆਂ ਕਿਆਰੀਆਂ ਨਾਲ ਸਜੀ ਹੋਈ ਸੀ ਪੁਜ ਗਿਆ । ਅੱਗੇ ਇਕ ਕਮਰਾ ਸੀ ਤੇ ਇਕ ਮੰਜੇ ਤੇ ਵਡੇ ਵਡੇ ਸਾਹ ਲੈਂਦੇ ਇਕ ਬਜ਼ੁਰਗ ਦੀ ਇਕੱਲੀ ਰੂਹ ਪਈ ਸੀ । ਇਹ ਜ਼ਿੰਦਗੀ ਤੇ ਮੌਤ ਦੀ ਲੜਾਈ ਦਾ ਇਕ ਛੋਟਾ ਜਿਹਾ ਨਾਟਕ ਸਮਝੋ ਤੇ ਜਾਂ ਮੌਤ ਆਈ ਆਈ ਹੋਈ ਨੂੰ ਰੁਕਕੇ ਦਿਨ ਰੋਕਨ ਦਾ ਉਪਰਾਰ ਸੀ ਜੋ ਮੇਰੇ ਮਿਲਨ ਦੀ ਉਡੀਕ ਲਈ ਕੁਝ ਸਮਾਂ ਹੋਰ ਠਹਿਰਨ ਲਈ ਜਾ ਰਹੇ ਰਾਹੀ ਨੇ ਆਪਣੇ ਆਪ ਨੂੰ ਰੋਕ ਲਿਆ । ਜਿਉਂ ਹੀ ਮੈਂ ਕਮਰੇ ਅੰਦਰ ਵੜਿਆ ਤੇ ਬਜ਼ੁਰਗ ਨੇ ਅੱਖ ਖੋਲੀ ਤੇ ਮੇਰੇਵਨੀ ਦੇਖਦੀਆਂ ਮੈਨੂੰ ਕਿਹਾ,"ਮੈਨੂੰ ਪਤਾ ਸੀ ਤੂੰ ਜਪਾਨ ਰਹਿੰਦਾਹੈ । ਮੈਨੂੰ ਤੇਰੀ ਬੜੀ ਉਡੀਕ ਸੀ । ਮੈਂ ਤੇਰੇ ਨਾਲ ਜਾਪਾਨ ਦੀਆਂ ਗਲਾਂ ਕਰਨੀਆਂ ਸੀ । ਮੈਂ ਤੀਹ ਚਾਲੀ ਸਾਲ ਪਹਿਲਾਂ ਜਾਪਾਨ ਗਿਆ ਸੀ । ਜਾਪਾਨੀ ਲੋਕਾਂ ਨੇ ਮੈਨੂੰ ਅੰਗਰੇਜ਼ਾਂ ਤੋਂ ਬਚਾਕੇ ਹਾਂਗਕਾਂਗ ਤੋਂਜਾਪਾਨ ਭੇਜਿਆ ਸੀ ਤੇ ਮੈਂ ਜਾਪਾਨ ਤੋਂ ਅਮਰੀਕਾ ਗਿਆ ।" ਉਹ ਦੇਸ਼ ਭਗਤ ਕੋਣ ਸੀ ਜਿਸਨੂੰ ਚਾਲੀ ਸਾਲਾਂ ਪਿਛੋਂ ਭੀ ਜਾਪਾਨੀ ਜ਼ਬਾਨ ਦੇ ਸ਼ਬਦ ਯਾਦ ਸੀ ਤੇ ਉਸਦੀਆਂ ਅਖਾਂ ਤੋਂ ਨੀਰ ਵਹਿ ਰਹੇ ਸੀ ਤੇ ਵਿਛੋੜੇ ਦਾ ਸਮਾਂ ਆ ਗਿਆ ਹੈ । ਉਸਨੂੰ ਮੌਤ ਦਾ ਡਰ ਨਹੀਂ ਸੀ । ਬਸ ਦੁਖ ਇਕੋ ਸੀ ਕਿ ਜੇਕਰ ਜ਼ਿੰਦਗੀ ਦੇ ਦਸ ਕੇ ਸਾਲ ਹੋਰ ਮਿਲ ਜਾਂਦੇ ਅੱਜੇ ਭੀ ਹਿੰਦੁਸਤਾਨ ਵਿਚ ਜੁਗਗਰਦੀ ਤੇ ਸੋਹਣੇ ਖਿਆਲਾਂ ਦੇ ਇਨਕਲਾਬ ਦੀ ਲੋੜ ਹੈ ।ਇਹੀ ਉਸਦੀ ਰੀਝ ਤੇ ਇਕ ਖਿਆਲ ਸੀ ਜੋ ਉਹ ਕਰਕੇ ਜਾਣਾ ਚਾਹੁੰਦਾ ਸੀ । ਸ਼ਾਇਦ ਕੋਈ ਪੂਰ ਕਰੇ ਜਾਂ ਉਸਨੂੰ ਮੁੜਕੇ ਫਿਰ ਆਉਣਾ ਪਵੇ ।ਇਹ ਬਜ਼ੁਰਗ ਭਾਈ ਭਗਵਾਨ ਸਿੰਘ ਸੀ ਜਿਸਦੀਆਂ ਪੰਜਾਬੀ ਕਵਿਤਾਵਾਂ ਅਜੇ ਤਕ ਭੀ ਹਾਂਗਕਾਂਗ ਦੇ ਪਹਾੜਾਂ ਤੋਂ ਲੈਕੇ ਅਮਰੀਕਾ ਤੇ ਹਿੰਦੁਸਤਾਨ ਦੇ ਹਰ ਨੁਕਰ ਵਿਚੋਂ ਲੰਘ ਚੁਕੀਆਂ ਹਨ ਤੇ ਸੁਤਿਆਂ ਨੂੰ ਜਗਾ ਗਈਆਂ ਹਨ ਤੇ ਜਾਗਦਿਆਂ ਨੂੰ ਹਲੂਣਾ ਦੇ ਗਈਆਂ ਹਨ । ਜੋ ਪੰਜਾਬੀ ਜਬਾਨ ਦੀ ਰਵਾਨੀ ਉਸ ਵਿਚ ਬੜਕਦੀ ਮੈਂ ਤਕੀ ਹੈ ਸ਼ਾਇਦ ਈ ਐਨੀ ਅਖਰਾਂ ਦੀ ਭਰਮਾਰ ਤੇ ਦਲੀਲ ਦਾ ਤੋਲ ਵਜ਼ਨ ਕਿਸੇ ਹੋਰ ਵਿਚ ਹੋਵੇ ।

ਡਾਕਟਰਾਂ ਦੀਆਂ ਦੁਆਈਆਂ ਕੁਝ ਨਾਂ ਕਰ ਸਕੀਆਂ । ਸ਼ਰੀਰ ੮੦ ਸਾਲਾਂ ਤੋਂ ਟਪ ਚੁਕਿਆ ਸੀ । ਪਾਣੀ ਭੀ ਕਹਿੰਦਾ ਸੀ ਮੈਂ ਹੁਣ ਹਜ਼ਮ ਨਹੀਂ ਹੋ ਸਕਦਾ । ਦਿਲ ਤੋਂ ਸਵਾਹ ਸਭ ਕੁਝ ਬੰਦ ਸੀ । ਪਰ ਫਿਰ ਭੀ ਚਾਰ ਚਾਰ ਘੰਟੇ ਇਕੋ ਰਫਤਾਰ ਨਾਲ ਉਸ ਮਹਾਨ ਖਿਲਾੜੀ ਨੇ ਆਪਣੇ ਜ਼ਿੰਦਗੀ ਦੀਆਂ ਸਾਰੀਆਂ ਈਗੱਲਾਂ ਮੇਰੇ ਨਾਲ ਕਰ ਲਈਆਂ । ਸਮੇਂ ਸਮੇਂ ਲਿਖਦਾ ਰਹਾਂਗਾ ।

(ਕਵੀ)ਭਾਈ ਭਗਵਾਨ ਸਿੰਘ ਨੇ ਸਪੂਰਨ ਦੀ ਥਾਂ ਤੇ ਆਤਮਕ ਗਿਆਨ ਦਾ ਸਕੂਲ ਖੋਲਨ ਦੀ ਕੋਸ਼ਸ਼ ਕੀਤੀ ਸੀ ਤੇ ਉਸਦੀਆਂ ਟੇਪ ਰਿਕਾਰਡ ਕੀਤੀਆਂ ਸਾਰੀਆਂ ਗਲਾਂ ਸ਼ਾਹਿਦ ਉਥੋਂ ਮਿਲ ਸਕਦੀਆਂ ਹਨ । ਦਸਾਂ ਪੰਦਰਾਂ ਦਿਨਾਂ ਅੰਦਰ ਇਹ ਮਹਾਨ ਆਜ਼ਾਦੀ ਦਾ ਪਰਵਾਨਾਂ ਬੋਲਦਾ ਬੋਲਦਾ ਤੇ ਗਦਰ ਦੀਆਂ ਦੁਖਸੁਖ ਦੀਆਂ ਯਾਦਾਂ ਫੋਲਦਾ ਵਿਛੜ ਗਿਆ । ਚੁਪ ਹੋ ਗਏ ਸ਼ਰੀਰ ਨੂੰ ਸਪੂਰਨ ਦੀ ਆਤਮਕ ਗਿਆਨ ਦੀ